# 18 ਤੋਂ 44 ਸਾਲ ਦੇ ਲੋਕਾਂ ਦੀ ਵੈਕਸੀਨੇਸਨ ਲਈ ਰਜਿਸਟ੍ਰੇਸ਼ਨ ਸ਼ੁਰੂ

### ਕੋਵਿਨ ਪੋਰਟਲ ਅਤੇ ਆਰੋਗਿਆ ਸੇਤੂ ਐਪ ਤੇ ਹੋਵੇਗੀ ਘਰ ਬੈਠੇ ਰਜਿਸਟ੍ਰੇਸ਼ਨ

ਕੋਰੋਨਾ ਦੀ ਰੋਕਥਾਮ ਲਈ ਪਹਿਲੀ ਮਈ ਤੋਂ 18 ਤੋਂ 44 ਸਾਲ ਦੇ ਲੋਕਾਂ ਦੇ ਪਹਿਲੀ ਮਈ ਤੋਂ ਟੀਕਾਕਰਨ ਲਈ ਆਨਲਾਇਨ ਰਜਿਸਟ੍ਰੇਸ਼ਨ 28 ਅਪ੍ਰੈਲ ਨੂੰ ਸ਼ਾਮ 4 ਵਜੇ ਤੋਂ ਸ਼ੁਰੂ ਹੋ ਗਈ ਹੈ।

ਸਿਵਲ ਸਰਜਨ ਕਪੂਰਥਲਾ ਡਾ. ਪਰਮਿੰਦਰ ਕੌਰ ਨੇ ਦੱਸਿਆ ਕਿ 18 ਤੋਂ 44 ਸਾਲ ਦੇ ਲੋਕਾਂ ਲਈ ਸੁਰੂ ਹੋਣ ਵਾਲੀ ਵੈਕਸੀਨੇਸਨ ਡ੍ਰਾਈਵ ਲਈ ਰਜਿਸਟ੍ਰੇਸ਼ਨ ਕੋਵਿਨ ਪੋਰਟਲ ਅਤੇ ਆਰੋਗਿਆ ਸੇਤੂ ਐਪ 'ਤੇ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਲੋਕ ਵੈਕਸੀਨੇਸਨ ਲਈ ਅੱਗੇ ਆਉਣ ਅਤੇ 18 ਤੋਂ 44 ਸਾਲ ਵਾਲੇ ਲੋਕ ਆਪਣੀ ਰਜਿਸਟ੍ਰੇਸਨ ਕਰਵਾਉਣ।

ਜਿਲਾ ਟੀਕਾਕਰਨ ਅਫਸਰ ਡਾ. ਰਣਦੀਪ ਸਿੰਘ ਨੇ ਦੱਸਿਆ ਕਿ ਤੀਜੇ ਪੜਾਅ ਦੇ ਟੀਕਾਕਰਨ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਇਸ ਲਈ ਨੌਜਵਾਨ ਆਪਣੀ ਰਜਿਸਟ੍ਰੇਸ਼ਨ ਕਰਵਾਕੇ ਨਿਰਧਾਰਿਤ ਸਮੇਂ 'ਤੇ ਟੀਕਾਕਰਨ ਕਰਵਾਉਣ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਵੈਕਸੀਨੇਸਨ ਸਮੂਹ ਸਰਕਾਰੀ ਹਸਪਤਾਲਾਂ ਤੇ ਪ੍ਰਾਈਵੇਟ ਸਿਹਤ ਕੇਂਦਰਾਂ ਵਿਚ ਵੀ ਲੱਗੇਗੀ ਪਰ ਇਸ ਵਾਸਤੇ ਮੌਕੇ 'ਤੇ ਜਾ ਕੇ ਰਜਿਸਟ੍ਰੇਸਨ ਨਹੀਂ ਕਰਵਾਈ ਜਾ ਸਰੇਗੀ।

ਉਨ੍ਹਾਂ ਕਿਹਾ ਕਿ ਲਾਭਪਾਤਰੀ ਘਰ ਬੈਠ ਕੇ ਆਪਣੀ ਰਜਿਸਟ੍ਰੇਸਨ ਕਰਨੀ ਯਕੀਨੀ ਬਣਾਉਣ ਤਾਂ ਕਿ ਸਮੇਂ ਸਿਰ ਉਨ੍ਹਾਂ ਦੀ ਵੈਕਸੀਨੇਸਨ ਹੋ ਸਕੇ, ਜਿਸ ਨਾਲ ਹਸਪਤਾਲਾਂ ਅੰਦਰ ਭੀੜ-ਭਾੜ ਤੋਂ ਵੀ ਬਚਿਆ ਜਾ ਸਕਦਾ ਹੈ।